5

# ''ਬਾਈਬਲ ਮਸੀਹ ਦੀ ਕਲੀਸੀਆ ਬਾਰੇ ਕੀ ਕਹਿੰਦੀ ਹੈ?''

**I. ਮਸੀਹ ਦੀ ਕਲੀਸੀਆ ਕਿਨ੍ਹਾਂ ਲੋਕਾਂ ਨਾਲ ਬਣਦੀ ਹੈ?**

1. ਸੌਲੁਸ ਨੇ ____________ ਨੂੰ ਸਤਾਇਆ। ਰਸੂਲਾਂ ਦੇ ਕੰਮ 8:3
2. ਇਹ ਸਤਾਇਆ ਜਾਣਾ ________ ਵੀ ਆਖਿਆ ਜਾਂਦਾ ਸੀ। ਰਸੂਲਾਂ ਦੇ ਕੰਮ 9:1
3. ਇਨ੍ਹਾਂ ਨੂੰ __________________ ਵੀ ਆਖਿਆ ਜਾਣਾ ਹੈ। ਰਸੂਲਾਂ ਦੇ ਕੰਮ 11:26
4. ਕਲੀਸੀਆ ਨੂੰ ______________ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। ਅਫ਼ਸੀਆਂ 1:22, 23

**II. ਕਿੰਨੀਆਂ ਦੇਹਾਂ ਹਨ?**

_________________________ ਰੋਮੀਆਂ 12:4, 5
_________________________ 1 ਕੁਰਿੰਥੀਆਂ 12:12
_________________________ 1 ਕੁਰਿੰਥੀਆਂ 12:20
_________________________ ਅਫ਼ਸੀਆਂ 4:4
_________________________ ਕੁਲੁੱਸੀਆਂ 3:15

**III. ਇਹ ਕਿਹਦੀ ਕਲੀਸੀਆ (ਦੇਹ) ਹੈ?**

_________________________ ਮੱਤੀ 16:18
_________________________ 1 ਕੁਰਿੰਥੀਆਂ 12:27
_________________________ ਅਫ਼ਸੀਆਂ 1:22, 23
_________________________ ਅਫ਼ਸੀਆਂ 5:30
_________________________ ਕੁਲੁੱਸੀਆਂ 1:24

**IV. ਮਸੀਹ ਕਲੀਸੀਆ ਦਾ ਕੀ ਹੈ?**

_________________________ ਮੱਤੀ 16:18
_________________________ 1 ਕੁਰਿੰਥੀਆਂ 3:11
_________________________ ਅਫ਼ਸੀਆਂ 1:22
_________________________ ਅਫ਼ਸੀਆਂ 5:23

**V. ਮਸੀਹ ਨੇ ਕਲੀਸੀਆ ਲਈ ਕੀ ਕੀਤਾ ਹੈ?**

________________ ਕਿਉਂ __________________ ਅਫ਼ਸੀਆਂ 5:25
_______________________________ ਰਸੂਲਾਂ ਦੇ ਕੰਮ 20:28


**VI. ਕਲੀਸੀਆ ____________________ ਦੇ ਅਧੀਨ ਹੈ। ਅਫ਼ਸੀਆਂ** 5:24

**VII. ਮੈਂਬਰਾਂ ਵਿਚ ਮਸੀਹ ਕਿਹੋ ਜਿਹੀ ਏਕਤਾ ਰੱਖਦਾ ਹੈ?**

1. ਤਾਂ ਜੋ ਉਹ _________ ਹੋਣ ਜਿਵੇਂ ਅਸੀਂ _________ ਹਾਂ। ਯੂਹੰਨਾ 17:22.
2. ਜੋ ਤੁਸੀਂ ਸਭੇ ____________ ਗੱਲ ਬੋਲੋ ਅਤੇ ਤੁਹਾਡੇ ਵਿਚ ______ ਨਾ ਪੈਣ। 1 ਕੁਰਿੰਥੀਆਂ 1:10
3. ______________ ਆਤਮਾ ਵਿਚ ਮਜ਼ਬੂਤ ਅਤੇ ___________ ਹੋ ਕੇ ਰਹੋ। ਫ਼ਿਲਿੱਪੀਆਂ 1:27

**VIII. ਯਿਸੂ ਨੇ ਆਪਣੇ ਆਪ ਨੂੰ ਕਲੀਸੀਆ ਲਈ ਦੇ ਦਿੱਤਾ ਤਾਂ ਜੋ ਵਚਨ ਤੋਂ ਜਲ ਦੇ** ਅਸ਼ਨਾਨ ਨਾਲ __________ ਕਰਕੇ __________ ਅਫ਼ਸੀਆਂ 5:26, 27

Copyright 1992 - Gospel Light Pub. Co., Delight, AR 71940



5

# ''ਬਾਈਬਲ ਮਸੀਹ ਦੀ ਕਲੀਸੀਆ ਬਾਰੇ ਕੀ ਕਹਿੰਦੀ ਹੈ?''

ਤਰਕਸੰਗਤ ਢੰਗ ਨਾਲ ''ਬਾਈਬਲ ਮਸੀਹ ਦੀ ਕਲੀਸੀਆ ਬਾਰੇ ਕੀ ਕਹਿੰਦੀ ਹੈ?'' ਦੀ ਅਧਿਐਨ ਸ਼ੀਟ ਨੂੰ ''ਰਾਹ ਯਿਸੂ ਹੈ'' ਜਾਂ ''ਬਚਾਇਆ ਜਾਣਾ'' ਦੀਆਂ ਅਧਿਐਨ ਸ਼ੀਟਾਂ ਵਿੱਚੋਂ ਕਿਸੇ ਦੇ ਬਾਅਦ ਵੀ ਪੇਸ਼ ਕੀਤਾ ਜਾ ਸਕਦਾ ਹੈ। ਇਸ ਸ਼ੀਟ ਨੂੰ ਪੇਸ਼ ਕਰਨ ਦਾ ਸ਼ਾਇਦ ਸਭ ਤੋਂ ਵਧੀਆ ਸਮਾਂ ''ਬਚਾਇਆ ਜਾਣਾ'' ਦੀ ਅਧਿਐਨ ਸ਼ੀਟ ਦੇ ਬਾਅਦ ਹੈ। ਜਿਸ ਦਾ ਕਾਰਣ ਇਹ ਹੈ ਕਿ ਇਹ ਉੱਥੋਂ ਸ਼ੁਰੂ ਹੁੰਦੀ ਹੈ ਜਿੱਥੇ ''ਬਚਾਇਆ ਜਾਣਾ'' ਵਾਲੀ ਅਧਿਐਨ ਸ਼ੀਟ ਖ਼ਤਮ ਹੁੰਦੀ ਹੈ।

**ਮਕਸਦ**

''ਕਲੀਸੀਆ'' ਵਾਲੀ ਸ਼ੀਟ ਦਾ ਮਕਸਦ ਇਹ ਸਮਝਾਉਣਾ ਹੈ ਕਿ ਬਚਾਏ ਹੋਏ ਲੋਕ ਇਕ ਦੇਹ ਅਰਥਾਤ ਮਸੀਹ ਦੀ ਕਲੀਸੀਆ ਵਿਚ ਹਨ, ਜੋ ਕਿਸੇ ਮਨੁੱਖਾਂ ਦੀ ਬਣਾਈ ਹੋਈ ਸੰਸਥਾ, ਸੰਗਠਨ ਜਾਂ ਫ਼ਿਰਕੂ ਕਲੀਸੀਆ ਨਹੀਂ ਹੈ। ਮਸੀਹ ਦੀ ਇਕ ਦੇਹ ਵਿਚ ਆਉਣ ਵਾਲੇ ਸਭ ਲੋਕਾਂ ਨੂੰ ਉਸ ਇਕ ਦੇਹ ਦੀ ਏਕਤਾ ਲਈ ਕੰਮ ਕਰਨਾ ਚਾਹੀਦਾ ਹੈ।

**ਸੰਖੇਪ ਵਿਚ ਪਾਠ**

ਇਸ ਅਧਿਐਨ ਸ਼ੀਟ ਤੋਂ ਪਤਾ ਲਗਦਾ ਹੈ ਕਿ ਮਸੀਹ ਦੇ ਪਿੱਛੇ ਚੱਲਣ ਵਾਲੇ ਭਾਵ ਮਸੀਹੀ ਲੋਕ ਕਲੀਸੀਆ ਭਾਵ ਮਸੀਹ ਦੀ ਦੇਹ ਹਨ। ਯਿਸੂ ਨੇ ਇੱਕੋ ਦੇਹ ਬਣਾਈ, ਜੋ ਕਿ ਉਹ ਕਲੀਸੀਆ ਹੈ ਜਿਸਦਾ ਉਹ ਸਿਰ, ਨੀਂਹ ਅਤੇ ਬਚਾਉਣ ਵਾਲਾ ਹੈ। ਆਪਣੇ ਪਿਆਰ ਦੇ ਕਾਰਣ ਹੀ ਉਹ ਮਰਿਆ ਤਾਂ ਜੋ ਆਪਣੇ ਲਹੂ ਨਾਲ ਕਲੀਸੀਆ ਨੂੰ ਖਰੀਦ ਕੇ ਆਪਣੇ ਲਈ ਤਿਆਰ ਕਰ ਸਕੇ। ਉਹ ਚਾਹੁੰਦਾ ਹੈ ਕਿ ਜਿੰਨੇ ਲੋਕ ਉਸਦੀ ਕਲੀਸੀਆ ਵਿਚ ਹਨ, ਸਭ ਇਕ ਹੋਣ।

**ਜਾਣ ਪਛਾਣ**

ਇਸ ਪਾਠ ਦੀ ਜਾਣ ਪਛਾਣ ਸੰਖੇਪ ਵਿਚ ''ਬਚਾਇਆ ਜਾਣਾ'' ਦੀ ਅਧਿਐਨ ਸ਼ੀਟ ਦੀ ਸਮੀਖਿਆ ਕਰਕੇ ਫਿਰ ਉਨ੍ਹਾਂ ਲੋਕਾਂ ਦੀ ਵੱਲ ਧਿਆਨ ਦੁਆ ਕੇ ਕੀਤੀ ਜਾ ਸਕਦੀ ਹੈ ਜੋ ਬਚਾਏ ਹੋਏ ਅਰਥਾਤ ਕਲੀਸੀਆ ਵਿਚ ਹਨ। ਅਧਿਐਨ ਸ਼ੀਟ ''ਬਚਾਏ ਜਾਣਾ'' ਵਿਚ ਦੱਸਿਆ

ਗਿਆ ਹੈ ਕਿ ਬਚਾਏ ਜਾਣ ਲਈ ਕੀ ਕੀਤਾ ਜਾਂਦਾ ਹੈ ਅਤੇ ਯਿਸੂ ਦੀ ਦੇਹ ਦੇ ਲੋਕ ਕਿਵੇਂ ਬਚਾਏ ਜਾਂਦੇ ਹਨ। ਇਸ ਪਾਠ ਤੋਂ ਇਹ ਜਾਣਨ ਵਿਚ ਮਦਦ ਮਿਲ ਸਕਦੀ ਹੈ ਕਿ ਬਾਈਬਲ ਮਸੀਹ ਦੀ ਕਲੀਸੀਆ ਦੇ ਬਾਰੇ ਕੀ ਆਖਦੀ ਹੈ।

## I. ਕਲੀਸੀਆ ਦੇ ਮੈਂਬਰ

ਇਸ ਭਾਗ ਵਿਚ ਅਸੀਂ ਮਸੀਹ ਦੀ ਕਲੀਸੀਆ ਦੇ ਮੈਂਬਰਾਂ ਦਾ ਅਧਿਐਨ ਕਰਾਂਗੇ, ਉਹ ਕੌਣ ਹਨ ਅਤੇ ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ।

1. ਮਸੀਹ ਦੀ ਕਲੀਸੀਆ ਕਿੰਨ੍ਹਾਂ ਲੋਕਾਂ ਨਾਲ ਬਣਦੀ ਹੈ? [ਪੜ੍ਹੋ ਰਸੂਲਾਂ ਦੇ ਕੰਮ 8:3.] ਸੌਲੁਸ ਨੇ *ਕਿਸ ਨੂੰ* ਸਤਾਇਆ? [ਖਾਲੀ ਥਾਂ ਵਿਚ ''ਕਲੀਸੀਆ'' ਭਰੋ।] ਧਿਆਨ ਦਿਓ ਕਿ ਜਦ ਸੌਲੁਸ ਕਲੀਸੀਆ (ਚਰਚ) ਨੂੰ ਸਤਾਉਣ ਦੀ ਭਾਲ ਵਿਚ ਸੀ, ਤਾਂ ਉਹ ਕਿਸੇ ਇਮਾਰਤ ਜਾਂ ਭਵਨ ਨੂੰ *ਨਹੀਂ* ਡੇਗ ਰਿਹਾ ਸੀ। ਮਸੀਹ ਦੀ ਕਲੀਸੀਆ ਭਾਵ ਚਰਚ ਆਫ਼ ਕ੍ਰਾਈਸਟ ਕੋਈ ਭਵਨ ਜਾਂ ਇਮਾਰਤ, ਜਾਂ ਅਜਿਹਾ ਸੰਗਠਨ ਨਹੀਂ ਹੈ ਜਿਸ ਵਿਚ ਖਾਸ ਕਰਕੇ ਪੁਰੋਹਿਤ ਨਿਯੁਕਤ ਕੀਤੇ ਜਾਂਦੇ ਹੋਣ। ਬਲਕਿ ਕਲੀਸੀਆ ਤਾਂ ਉਨ੍ਹਾਂ ਆਦਮੀਆਂ ਅਤੇ ਔਰਤਾਂ ਦੀ ਜਮਾਤ ਨੂੰ ਕਿਹਾ ਜਾਂਦਾ ਹੈ ਜੋ ਯਿਸੂ ਦੇ ਹਨ। [*ਪਿਛਲੇ ਪਾਸੇ* ਇਕ ਵਰਗ ਬਣਾਓ, ਅਤੇ ਵਰਗ ਵਿਚ ਸਭ ਤੋਂ ਉੱਤੇ ''ਕਲੀਸੀਆ'' ਲਿਖੋ। ਹੇਠਾਂ ''ਮੈਂਬਰ'' ਲਿਖੋ। ਉਸ ਦੇ ਉੱਤੇ ''ਆਦਮੀ ਅਤੇ ਔਰਤਾਂ'' ਲਿਖੋ। ਵੇਖੋ ਸਫ਼ਾ 156।]

2. ਜਦ ਸੌਲੁਸ ਕਲੀਸੀਆ ਨੂੰ ਨਾਸ ਕਰਨ ਦੀ ਭਾਲ ਵਿਚ ਸੀ, ਤਾਂ ਉਹ ਕਿਸ ਨੂੰ ਨਾਸ ਕਰਨਾ ਚਾਹੁੰਦਾ ਸੀ? ਧਿਆਨ ਦਿਓ ਕਿ ਰਸੂਲਾਂ ਦੇ ਕੰਮ 8:3 ਤਕ ਲੂਕਾ ਸੌਲੁਸ ਦੀਆਂ ਗਤੀਵਿਧੀਆਂ ਦੀ ਅਤੇ ਫ਼ਿਲਿੱਪੁਸ ਦੀਆਂ ਗਤੀਵਿਧੀਆਂ ਦੀ ਚਰਚਾ ਕਰਨ ਲਗਦਾ ਹੈ (ਰਸੂਲਾਂ ਦੇ ਕੰਮ 8:5)। ਰਸੂਲਾਂ ਦੇ ਕੰਮ 9:1 ਵਿਚ ਉਹ ਫੇਰ ਤੋਂ ਉੱਥੋਂ ਸ਼ੁਰੂ ਕਰਕੇ ਜਿੱਥੋਂ ਉਸਨੇ ਸੌਲੁਸ ਦੀ ਚਰਚਾ ਛੱਡੀ ਸੀ, ਉਸ ਦੀਆਂ ਗਤੀਵਿਧੀਆਂ ਦੀ ਚਰਚਾ ਕਰਨ ਲਗਦਾ ਹੈ। ਰਸੂਲਾਂ ਦੇ ਕੰਮ 8:3 ਵਿਚ ਜਦ ਉਸ ਨੇ ਸੌਲੁਸ ਬਾਰੇ ਲਿਖਣਾ ਬੰਦ ਕੀਤਾ, ਤਾਂ ਸੌਲੁਸ ਕਲੀਸੀਆ ਨੂੰ ਉਜਾੜਨਾ ਚਾਹੁੰਦਾ ਸੀ। ਜਦ ਦੁਬਾਰਾ ਲੂਕਾ ਨੇ ਸੌਲੁਸ ਦੀ ਕਹਾਣੀ ਸ਼ੁਰੂ ਕੀਤੀ ਤਾਂ ਸੌਲੁਸ ਅਜੇ ਵੀ ਉਹੀ ਕਰ ਰਿਹਾ ਸੀ। ਸੌਲੁਸ ਅਜੇ ਵੀ ਕਿਸ ਦਾ ਨਾਸ ਚਾਹੁੰਦਾ ਸੀ? [ਰਸੂਲਾਂ ਦੇ ਕੰਮ 9:1 ਪੜ੍ਹੋ।] ਕਲੀਸੀਆ ਦੇ ਮੈਂਬਰਾਂ ਨੂੰ *ਕੀ* ਕਿਹਾ ਗਿਆ ਹੈ? [ਖਾਲੀ ਥਾਂ ਵਿਚ ''ਪ੍ਰਭੂ ਦੇ ਚੇਲੇ'' ਭਰੋ। *ਪਿਛਲੇ ਪਾਸੇ* ''ਆਦਮੀ ਅਤੇ ਔਰਤਾਂ'' ਦੇ ਉੱਪਰ ''ਚੇਲੇ'' ਲਿਖੋ। ਵੇਖੋ ਸਫ਼ਾ 156।]

[ਸਿਖਾਉਣ ਵਾਲਾ ਇੱਥੇ ਚੇਲੇ ਅਤੇ ਰਸੂਲਾਂ ਦੇ ਕੰਮ ਵਿਚ ਫ਼ਰਕ ਨੂੰ ਸਮਝਾ ਸਕਦਾ ਹੈ ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਚੇਲੇ ਬਾਰਾਂ ਹੀ ਸਨ। ਲੂਕਾ 6:12–14 ਇਹ ਸਮਝਾਉਣ ਵਿਚ ਮਦਦ ਕਰਦਾ ਹੈ ਕਿ ਬਾਰਾਂ ਰਸੂਲ ਯਿਸੂ ਦੇ ਮਗਰ ਚੱਲਣ ਵਾਲੇ ਅਰਥਾਤ ਉਸਦੇ ਚੇਲਿਆਂ ਦੇ ਬਹੁਤ ਵੱਡੇ ਇੱਜੜ ਵਿੱਚੋਂ ਚੁਣੇ ਹੋਏ ਲੋਕਾਂ ਨੂੰ ਕਿਹਾ ਜਾਂਦਾ ਹੈ। ਰਸੂਲਾਂ ਦਾ ਇੱਜੜ ਛੋਟਾ ਸੀ ਅਰਥਾਤ ਉਹ ਬਾਰਾਂ ਸਨ ਜਿਨ੍ਹਾਂ ਨੂੰ ਉਸ ਦੇ ਖਾਸ ਨੁਮਾਇੰਦਿਆਂ ਦੇ ਰੂਪ ਵਿਚ ਚੁਣਿਆ ਗਿਆ ਸੀ, ਅਤੇ ਚੇਲੇ ਉਸਦੇ ਸਾਰੇ ਮਗਰ ਚੱਲਣ ਵਾਲਿਆਂ ਨੂੰ ਕਿਹਾ ਜਾਂਦਾ ਸੀ।]

3. ਕਲੀਸੀਆ ਦੇ ਮੈਂਬਰਾਂ ਨੂੰ ਪ੍ਰਭੂ ਦੇ *ਚੇਲੇ* ਆਖਿਆ ਜਾਂਦਾ ਸੀ, ਪਰ ਚੇਲਿਆਂ ਨੂੰ ਕੀ

ਕਿਹਾ ਜਾਂਦਾ ਸੀ? [ਪੜ੍ਹੋ ਰਸੂਲਾਂ ਦੇ ਕੰਮ 11:26] ਚੇਲਿਆਂ,ਭਾਵ ਕਲੀਸੀਆ ਦੇ ਲੋਕਾਂ ਨੂੰ ਹੋਰ *ਕੀ* ਕਿਹਾ ਜਾਂਦਾ ਸੀ? [ਖਾਲੀ ਥਾਂ ਵਿਚ ''ਮਸੀਹੀ'' ਭਰੋ। *ਪਿਛਲੇ ਪਾਸੇ* ''ਚੇਲੇ'' ਦੇ ਉੱਪਰ ''ਮਸੀਹੀ'' ਲਿਖੋ। ਵੇਖੋ ਸਫ਼ਾ 156।]

4. ''ਚੇਲੇ'' ਅਤੇ ''ਮਸੀਹੀ'' ਦੋਵੇਂ ਸ਼ਬਦ ਕਲੀਸੀਆ ਦੇ ਮੈਂਬਰਾਂ ਲਈ ਹੀ ਵਰਤੇ ਗਏ ਹਨ। ਜਮਾਤ ਦੇ ਰੂਪ ਵਿਚ ਇਨ੍ਹਾਂ ਲੋਕਾਂ ਨੂੰ ਕਲੀਸੀਆ ਕਿਹਾ ਜਾਂਦਾ ਸੀ। ਲੋਕਾਂ ਦੇ ਇਸ ਜਮਾਤ ਦਾ ਜ਼ਿਕਰ ਕਰਨ ਲਈ ਇਕ ਹੋਰ ਸ਼ਬਦ ਵਰਤਿਆ ਜਾਂਦਾ ਹੈ। [ਪੜ੍ਹੋ ਅਫ਼ਸੀਆਂ 1:22, 23]। ਕਲੀਸੀਆ ਨੂੰ ਹੋਰ *ਕਿਸ* ਨਾਂਅ ਨਾਲ ਸੱਦਿਆ ਜਾਂਦਾ ਸੀ? [ਖਾਲੀ ਥਾਂ ਵਿਚ ''ਦੇਹ'' ਭਰੋ। *ਪਿਛਲੇ ਪਾਸੇ* ਵਰਗ ਵਿਚ ''ਕਲੀਸੀਆ'' ਦੇ ਹੇਠਾਂ ''ਦੇਹ'' ਲਿਖੋ। ਵੇਖੋ ਸਫ਼ਾ 156।] ਜੇ ਕਲੀਸੀਆ ਦੇਹ ਹੈ ਅਤੇ ਦੇਹ ਕਲੀਸੀਆ, ਤਾਂ ਜੋ ਕੁਝ ਕਲੀਸੀਆ ਲਈ ਸੱਚ ਹੈ ਉਹੀ ਦੇਹ ਲਈ ਵੀ ਸੱਚ ਹੈ, ਅਤੇ ਜੋ ਕੁਝ ਦੇਹ ਲਈ ਕਿਹਾ ਜਾਂਦਾ ਸੀ ਉਹੀ ਕਲੀਸੀਆ ਲਈ ਵੀ ਕਿਹਾ ਜਾ ਸਕਦਾ ਹੈ।

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਕਿ ''ਕਲੀਸੀਆ'' ਅਤੇ ''ਦੇਹ'' ਦੀ ਵਰਤੋਂ ਮਸੀਹ ਦੇ ਪਿੱਛੇ ਚੱਲਣ ਵਾਲੀ ਜਮਾਤ ਲਈ ਕੀਤੀ ਜਾਂਦੀ ਹੈ। ''ਚੇਲੇ'' ਅਤੇ ''ਮਸੀਹੀ'' ਸ਼ਬਦਾਂ ਦੀ ਵਰਤੋ ਇਕ ਇਕ ਮੈਂਬਰ ਲਈ ਕੀਤੀ ਜਾਂਦੀ ਹੈ। ਮਸੀਹੀ ਲੋਕਾਂ ਨਾਲ ਹੀ ਮਸੀਹ ਦੀ ਦੇਹ (ਕਲੀਸੀਆ) ਬਣਦੀ ਹੈ।

**II. ਕਿੰਨੀ**

ਕੀ ਬਾਈਬਲ ਇਹ ਸਿਖਾਉਂਦੀ ਹੈ ਕਿ ਮਸੀਹੀ ਲੋਕਾਂ ਨੇ ਬਹੁਤ ਸਾਰੇ ਧਾਰਮਿਕ ਸੰਗਠਨ ਬਣਾ ਲਏ? ਮਸੀਹੀ ਲੋਕ ਕਿੰਨੇ *ਗੁੱਟਾਂ* ਦੇ ਮੈਂਬਰ ਸਨ? [ਰੋਮੀਆਂ 12:4, 5 ਪੜ੍ਹੋ।] ਮਸੀਹੀ ਲੋਕ *ਕਿੰਨੀਆਂ* ਦੇਹੀਆਂ ਦੇ ਅੰਗ ਸਨ? [ਖਾਲੀ ਥਾਂ ਵਿਚ ''ਇੱਕੋ'' ਭਰੋ।] ਧਿਆਨ ਦਿਓ ਕਿ ਬਾਈਬਲ ਆਖਦੀ ਹੈ ਕਿ ਮਸੀਹ ਵਿਚ ''ਇੱਕੋ'' ਦੇਹ ਹੈ। ''ਬਚਾਇਆ ਜਾਣਾ'' ਅਧਿਐਨ ਸ਼ੀਟ ਵਿਚ ਅਸੀਂ ਸਿੱਖਿਆ ਸੀ ਕਿ ''ਹਰ ਤਰ੍ਹਾਂ ਦੀਆਂ ਰੂਹਾਨੀ ਬਰਕਤਾਂ'' ਮਸੀਹ ਵਿਚ ਹਨ। ਕਿਉਂਕਿ ਇਹ ਸੱਚ ਹੈ, ਇਸ ਲਈ ਇਸ ਦਾ ਅਰਥ ਇਹ ਹੈ ਕਿ ਇੱਕੋ ਦੇਹ ਵਿਚ ਉਹ ਸਭ ਬਰਕਤਾਂ ਹਨ ਜੋ ਮਸੀਹ ਵਿਚ ਮਿਲਦੀਆਂ ਹਨ। ਜੋ ਕੁਝ ਦੇਹ ਲਈ ਸੱਚ ਹੈ ਉਹੀ *ਕਲੀਸੀਆ* ਲਈ ਵੀ ਸੱਚ ਹੈ। ਇਸ ਲਈ ਇਸ ਦਾ ਅਰਥ ਇਹ ਹੈ ਕਿ ਮਸੀਹ ਵਿਚ ਮਿਲਣ ਵਾਲੀਆਂ ਸਭ ਰੂਹਾਨੀ ਬਰਕਤਾਂ ਉਸ ਇਕ ਕਲੀਸੀਆ ਵਿਚ ਹਨ।

ਬਾਈਬਲ ਦੀ ਦੇਹ ਦਾ ਜ਼ਿਕਰ ਕਈ ਵਾਰ ਆਉਂਦਾ ਹੈ। ਕੀ ਬਾਈਬਲ ਦੇਹਾਂ ਦੀ ਗਿਣਤੀ ਬਾਰੇ ਇਕ ਮੱਤ ਹੈ? [1 ਕੁਰਿੰਥੀਆਂ 12:12, 20; ਅਫ਼ਸੀਆਂ 4:4; ਕੁਲੁੱਸੀਆਂ 3:15 ਪੜ੍ਹੋ] *ਕਿੰਨੀਆਂ* ਦੇਹਾਂ ਹਨ [ਖਾਲੀ ਥਾਂ ਵਿਚ ''ਇੱਕੋ'' ਭਰੋ।] ਭਲਾ ਬਾਈਬਲ ਇਸ ਗੱਲ ਨਾਲ ਸਹਿਮਤ ਹੈ? ਭਲਾ ਇਹ ਇਸ ਤੱਥ ਤੇ ਜ਼ੋਰ ਨਹੀਂ ਦਿੰਦੀ ਕਿ ਦੇਹ ਸਿਰਫ਼ ਇਕ ਹੈ? [*ਪਿਛਲੇ ਪਾਸੇ* ਵਰਗ ਵਿਚ ''ਇਕ'' ਲਿਖੋ। ਵੇਖੋ ਸਫ਼ਾ 156।]

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਅਸਲ ਦੇਹ ਸਿਰਫ਼ ਇਕ ਹੈ ਭਾਵ ਇੱਕੋ ਸੱਚੀ ਕਲੀਸੀਆ ਹੈ ਜਿਸਦਾ ਬਾਈਬਲ ਵਿਚ ਜ਼ਿਕਰ ਹੈ।

### III. ਕਿਸ ਦੀ ਕਲੀਸੀਆ?

ਇਸ ਭਾਗ ਵਿਚ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਮਸੀਹੀ ਲੋਕਾਂ ਦੀ ਇਹ ਦੇਹ ਅਰਥਾਤ ਕਲੀਸੀਆ ਕਿਸ ਦੀ ਹੈ?

ਯਿਸੂ ਨੇ ਵਾਅਦਾ ਕੀਤਾ ਸੀ ਕਿ ਉਹ ਇਕ ਕਲੀਸੀਆ ਬਣਾਵੇਗਾ। ਉਹ ਕਿਸ ਦੀ ਕਲੀਸੀਆ ਬਣਾਉਣ ਵਾਲਾ ਸੀ? [ਮੱਤੀ 16:18 ਪੜ੍ਹੋ।] ਯਿਸੂ ਨੇ *ਕਿਸ ਦੀ* ਕਲੀਸੀਆ ਬਣਾਉਣ ਲਈ ਕਿਹਾ? [ਖਾਲੀ ਥਾਂ ਵਿਚ ''ਆਪਣੀ'' ਭਰੋ ਅਤੇ ਬਾਅਦ ਵਿਚ ਬ੍ਰੈਕਟਾਂ ਵਿਚ ''ਮਸੀਹ ਦੀ'' ਲਿਖੋ।]

ਬਾਅਦ ਵਿਚ ਪੌਲੁਸ ਨੇ ਇਸ ਦੇਹ ਅਰਥਾਤ ਕਲਸੀਆ ਨੂੰ ਸੰਬੋਧਿਤ ਕੀਤਾ ਸੀ। ਪੌਲੁਸ ਨੇ ਇਸ ਨੂੰ ਕਿਵੇਂ ਸੰਬੋਧਿਤ ਕੀਤਾ? [1 ਕੁਰਿੰਥੀਆਂ 12:27 ਪੜ੍ਹੋ।] ਪੌਲੁਸ ਨੇ ਇਸ ਨੂੰ ਕਿਸ ਦੀ ਦੇਹ ਕਿਹਾ? [ਖਾਲੀ ਥਾਂ ਵਿਚ ''ਮਸੀਹ ਦੀ'' ਭਰੋ]।

ਪੌਲੁਸ ਨੇ ਕਿਸੇ ਅਰਥ ਵਿਚ ਦੇਹ ਨੂੰ ਹੋਰ ਆਖਿਆ? ਉਹ ਇਸ ਦੇਹ ਨੂੰ ਕਿਸ ਦੀ ਦੇਹ ਆਖਦਾ ਹੈ? [ਅਫ਼ਸੀਆਂ 1:22, 23; 5:30; ਕੁਲੁੱਸੀਆਂ 1:24 ਪੜ੍ਹੋ।] ਪੌਲੁਸ *ਕਿਸਦੀ* ਦੇਹ ਨੂੰ ਇਕ ਦੇਹ ਆਖਦਾ ਹੈ? [ਖਾਲੀ ਥਾਂ ਵਿਚ ਬ੍ਰੈਕਟਾਂ ਵਿਚ ''ਮਸੀਹ ਦੀ'' ਦੇ ਬਾਅਦ ''ਉਸ ਦੀ'' ਲਿਖੋ। *ਪਿਛਲੇ ਪਾਸੇ* ''ਮਸੀਹ ਦੀ'' ਦੇ ਬਾਅਦ ''ਕਲੀਸੀਆ'' ਅਤੇ ''ਦੇਹ'' ਲਿਖੋ। ਵੇਖੋ ਸਫ਼ਾ 156।]

ਇਸ ਭਾਗ ਤੋਂ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਯਿਸੂ ਦੀ ਸਿਰਫ਼ ਇਕ ਹੀ ਦੇਹ ਹੈ ਅਰਥਾਤ ਉਸਦੀ ਇਕ ਹੀ ਕਲੀਸੀਆ ਹੈ। ਇਹ ਦੇਹ ਸਭਨਾਂ ਮਸੀਹੀਆਂ ਨਾਲ ਬਣੀ ਹੈ।

[ਸਿਖਾਉਣ ਵਾਲਾ ਇੱਥੇ ਅਧਿਐਨ ਸ਼ੀਟ ਦੀ ਵੱਲ ਮੁੜਕੇ ਪੁੱਛੇ ਕਿ ਕੋਈ ਉਸਦੀ ਇਕ ਕਲੀਸੀਆ ਅਰਥਾਤ ਇਕ ਦੇਹ ਵਿਚ ਕਿਵੇਂ ਦਾਖ਼ਲ ਹੁੰਦਾ ਹੈ। *ਪਿਛਲੇ ਪਾਸੇ* ''ਜਗਤ'' ਤੋਂ ''ਕਲੀਸੀਆ'' ਵਿਚ ਇਕ ਤੀਰ ਖਿੱਚੋ। ਵੇਖੋ ਸਫ਼ਾ 156।] ਕਲੀਸੀਆ ਵਿਚ ਕੋਈ ਕਿਵੇਂ ਸ਼ਾਮਿਲ ਹੁੰਦਾ ਹੈ? ''ਬਚਾਇਆ ਜਾਣਾ'' ਪਾਠ ਵਿਚ ਅਸੀਂ ਕੀ ਸਿੱਖਿਆ ਸੀ ਕਿ ਮਸੀਹ ਵਿਚ ਕੋਈ ਕਿਵੇਂ ਆਉਂਦਾ ਹੈ? ਯਿਸੂ ਨੇ ਸਿਖਾਇਆ ਕਿ ਸੁਣ ਕੇ ਮੰਨਣਾ, ਉਸ ਵਿਚ ਵਿਸ਼ਵਾਸ ਕਰਨਾ, ਆਪਣੇ ਪਾਪਾਂ ਤੋਂ ਤੌਬਾ ਕਰਨੀ ਅਤੇ ਉਸ ਵਿਚ ਵਿਸ਼ਵਾਸ ਦਾ ਇਕਰਾਰ ਕਰਨਾ ਜ਼ਰੂਰੀ ਹੈ। ਜੇ ਅਸੀਂ ਇਵੇਂ ਕਰਕੇ ਬਾਈਬਲ ਅਨੁਸਾਰ ਦੱਸਿਆ ਗਿਆ ਬਪਤਿਸਮਾ ਲੈਂਦੇ ਹਾਂ ਤਾਂ ਅਸੀਂ ਯਿਸੂ ਵਿਚ ਆ ਜਾਂਦੇ ਹਾਂ (ਗਲਾਤੀਆਂ 3:27)। ਯਿਸੂ ਦੀ ਸਿਰਫ਼ ਇਕ ਦੇਹ ਹੈ। ਇਸ ਲਈ ਸਪੱਸ਼ਟ ਹੈ ਕਿ ਜਦੋਂ ਅਸੀਂ ਯਿਸੂ ਵਿਚ ਬਪਤਿਸਮਾ ਲੈਂਦੇ ਹਾਂ, ਤਾਂ ਅਸੀਂ ਯਿਸੂ ਦੀ ਦੇਹ ਅਰਥਾਤ ਕਲੀਸੀਆ ਵਿਚ ਆ ਜਾਂਦੇ ਹਾਂ ਪਰ ਇਹ ਨਿਚੋੜ ਕੱਢਣ ਲਈ ਕਿ ਉਸ ਇਕ ਦੇਹ ਵਿਚ ਅਸੀਂ ਕਿਵੇਂ ਆਉਂਦੇ ਹਾਂ ਸਾਨੂੰ ਕਿਆਫ਼ਾ ਲਾਉਣ ਦੀ ਲੋੜ ਨਹੀਂ ਹੈ। ਬਾਈਬਲ ਦੱਸਦੀ ਹੈ ਕਿ ਉਸ ਇਕ ਦੇਹ ਵਿਚ ਅਸੀਂ ਕਦੋਂ ਆਉਂਦੇ ਹਾਂ। [1 ਕੁਰਿੰਥੀਆਂ 12:13 ਪੜ੍ਹੋ।] ਉਸ ਇਕ ਦੇਹ ਵਿਚ ਅਸੀਂ *ਕਦੋਂ* ਆਉਂਦੇ ਹਾਂ? [*ਪਿਛਲੇ ਪਾਸੇ* ਤੀਰ ਵਿਚ ਓਹੋ ਤਿੰਨ ਗੱਲਾਂ ਲਿਖੋ ਜੋ ਸਾਨੂੰ ਉਸ ਇਕ ਦੇਹ ਵਿਚ ਲਿਆਉਂਦੀਆਂ ਹਨ। ਵੇਖੋ ਸਫ਼ਾ 156।]

ਜੇ ਅਸੀਂ ਉਸ ਇਕ ਦੇਹ ਵਿਚ ਹਾਂ ਤਾਂ ਸਾਨੂੰ ਕੀ ਕਿਹਾ ਜਾਂਦਾ ਹੈ? ਇਕ ਜਮਾਤ ਦੇ ਰੂਪ ਵਿਚ ਸਾਨੂੰ ਇਕ *ਦੇਹ* ਭਾਵ ਮਸੀਹ ਦੀ ਕਲੀਸੀਆ ਕਿਹਾ ਜਾਂਦਾ ਹੈ। ਨਿੱਜੀ ਤੌਰ ਤੇ ਅਸੀਂ ਮਸੀਹ ਦੇ *ਚੇਲੇ* ਭਾਵ *ਮਸੀਹੀ* ਅਖਵਾਉਂਦੇ ਹਾਂ।

## IV. ਮਸੀਹ ਅਤੇ ਕਲੀਸੀਆ

ਕਲੀਸੀਆ ਨਾਲ ਯਿਸੂ ਦਾ ਨਿਰਾਲਾ ਰਿਸ਼ਤਾ ਹੈ। ਕੋਈ ਹੋਰ ਅਜਿਹਾ ਰਿਸ਼ਤਾ ਨਹੀਂ ਬਣਾ ਕੇ ਰੱਖ ਸਕਦਾ।

ਕਲੀਸੀਆ ਧਰਤੀ ਤੇ ਹਮੇਸ਼ਾ ਤੋਂ ਨਹੀਂ ਹੈ, ਇਸ ਲਈ ਇਹ ਜ਼ਰੂਰ ਹੀ ਕਿਸੇ ਨਾ ਕਿਸੇ ਸਮੇਂ ਸ਼ੁਰੂ ਹੋਈ ਸੀ, ਅਤੇ ਇਸ ਨੂੰ ਕਿਸੇ ਨੇ ਸ਼ੁਰੂ ਕੀਤਾ ਸੀ। ਯਿਸੂ ਨੇ ਕੀ ਕਰਨ ਲਈ ਕਿਹਾ ਸੀ? [ਪੜ੍ਹੋ ਮੱਤੀ 16:18.] ਜੇ ਕੋਈ ਕਿਸੇ ਚੀਜ਼ ਨੂੰ ਬਣਾਉਂਦਾ ਹੈ, ਤਾਂ ਉਹ ਉਸ ਦਾ ਕੀ ਹੁੰਦਾ ਹੈ? ਭਲਾ ਉਸਨੂੰ ਉਹਦਾ ਬਣਾਉਣ ਵਾਲਾ ਨਹੀਂ ਕਹਿੰਦੇ? ਯਿਸੂ ਕਲੀਸੀਆ ਦਾ *ਕੀ* ਹੈ? [ਖਾਲੀ ਥਾਂ ਵਿਚ ''ਬਣਾਉਣ ਵਾਲਾ'' ਭਰੋ। *ਪਿਛਲੇ ਪਾਸੇ* ਵਰਗ ਦੇ ਖੱਬੇ ਪਾਸੇ ''ਬਣਾਉਣ ਵਾਲਾ'' ਲਿਖੋ ਅਤੇ ਉਸ ਦੇ ਹੇਠਾਂ ''ਯਿਸੂ'' ਲਿਖੋ। ਵੇਖੋ ਸਫ਼ਾ 156।]

ਯਿਸੂ ਸਿਰਫ਼ ਕਲੀਸੀਆ ਦਾ ਬਣਾਉਣ ਵਾਲਾ ਹੀ ਨਹੀਂ ਹੈ, ਉਹ ਕਲੀਸੀਆ ਦਾ ਕੁਝ ਹੋਰ ਵੀ ਹੈ। ਕਲੀਸੀਆ ਕਿਸ 'ਤੇ ਬਣਦੀ ਹੈ? [1 ਕੁਰਿੰਥੀਆਂ 3:11 ਪੜ੍ਹੋ।] ਯਿਸੂ ਕਲੀਸੀਆ ਦਾ ਹੋਰ *ਕੀ* ਹੈ? [ਖਾਲੀ ਥਾਂ ਵਿਚ ''ਨੀਂਹ'' ਭਰੋ।] ਜੇ ਯਿਸੂ ਨੇ ਕਲੀਸੀਆ ਆਪਣੇ ਤੇ ਹੀ ਬਣਾਈ ਹੈ, ਤਾਂ ਕੀ ਸਾਡੇ ਲਈ ਕਿਸੇ ਹੋਰ ਤੇ ਭਾਵ ਯਿਸੂ ਤੋਂ ਇਲਾਵਾ ਕਿਸੇ ਹੋਰ ਨੀਂਹ ਤੇ ਬਣਾਉਣਾ ਸਹੀ ਹੈ? [*ਪਿੱਛੇ* ਵਰਗ ਦੇ ਹੇਠਾਂ ''ਨੀਂਹ'' ਅਤੇ ਉਸ ਦੇ ਹੇਠਾਂ ''ਯਿਸੂ'' ਲਿਖੋ। ਵੇਖੋ ਸਫ਼ਾ 156।]

ਯਿਸੂ ਕਲੀਸੀਆ ਦਾ ਕੁਝ ਹੋਰ ਵੀ ਹੈ। ਉਹ ਕਲੀਸੀਆ ਦਾ ਹੋਰ ਕੀ ਹੈ? [ਅਫ਼ਸੀਆਂ 1:22 ਪੜ੍ਹੋ।] ਯਿਸੂ ਕਲੀਸੀਆ ਦਾ *ਕੀ* ਹੈ? [ਖਾਲੀ ਥਾਂ ਵਿਚ ''ਸਿਰ'' ਭਰੋ।] ਕਿਸੇ ਸੰਗਠਨ ਦੀ ਦੇਹ ਦੇ ਸਿਰ (ਹੈੱਡ) ਦਾ ਕੀ ਕੰਮ ਹੁੰਦਾ ਹੈ? ਭਲਾ ਸਿਰ ਦਾ ਕੰਮ ਸੰਗਠਨ ਦੀ ਅਗਵਾਈ ਕਰਨਾ ਅਤੇ ਹਦਾਇਤ ਦੇਣਾ ਨਹੀਂ ਹੁੰਦਾ? ਕਲੀਸੀਆ ਦਾ ਸਿਰ ਆਦਮੀ ਜਾਂ ਲੋਕਾਂ ਦਾ ਸਮੂਹ ਨਹੀਂ ਹੋ ਸਕਦਾ। ਬਾਈਬਲ ਵਿਚ ਜਿਸ ਕਲੀਸੀਆ ਦਾ ਜ਼ਿਕਰ ਹੈ, ਉਸ ਦਾ ਸਿਰ ਸਿਰਫ਼ ਅਤੇ ਸਿਰਫ਼ ਯਿਸੂ ਹੀ ਹੈ। [*ਪਿਛਲੇ ਪਾਸੇ* ਵਰਗ ਤੇ ''ਸਿਰ'' ਅਤੇ ਉਸ ਦੇ ਹੇਠਾਂ ''ਯਿਸੂ'' ਲਿਖੋ। ਵੇਖੋ ਸਫ਼ਾ 156।]

ਯਿਸੂ ਕਲੀਸੀਆ ਦਾ ਕੁਝ ਹੋਰ ਵੀ ਹੈ। ਉਹ ਕਲੀਸੀਆ ਦਾ ਹੋਰ ਕੀ ਹੈ? [ਅਫ਼ਸੀਆਂ 5:23 ਪੜ੍ਹੋ।] ਯਿਸੂ ਕਲੀਸੀਆ ਦਾ *ਕੀ* ਹੈ? [ਖਾਲੀ ਥਾਂ ਵਿਚ ''ਬਚਾਉਣ ਵਾਲਾ'' ਭਰੋ।] ਜੋ ਲੋਕ ਯਿਸੂ ਦੀ ਕਲੀਸੀਆ ਵਿਚ ਹਨ ਜਿਸ ਨੂੰ ਉਸ ਨੇ ਆਪ ਬਣਾਇਆ ਹੈ ਅਤੇ ਜਿਸ ਦਾ ਉਹ ਸਿਰ ਹੈ, ਉਨ੍ਹਾਂ ਦਾ ਬਚਾਉਣ ਵਾਲਾ ਯਿਸੂ ਆਪ ਹੈ [*ਪਿਛਲੇ ਪਾਸੇ* ਵਰਗ ਤੋਂ ਸੁਰਗ ਦੀ ਵੱਲ ਇਕ ਤੀਰ ਅਤੇ ਤੀਰ ਵਿਚ ਇਕ ਸਲੀਬ ਬਣਾਓ। ਸਲੀਬ ਦੇ ਹੇਠਾਂ ''ਬਚਾਉਣ ਵਾਲਾ'' ਲਿਖੋ ਅਤੇ ਉਸ ਦੇ ਹੇਠਾਂ ''ਯਿਸੂ'' ਲਿਖੋ। ਵੇਖੋ ਸਫ਼ਾ 156।]

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਯਿਸੂ ਕਲੀਸੀਆ ਦਾ ਬਣਾਉਣ ਵਾਲਾ, ਨੀਂਹ, ਸਿਰ ਅਤੇ ਬਚਾਉਣ ਵਾਲਾ ਹੈ। ਕਲੀਸੀਆ ਨਾਲ ਯਿਸੂ ਦੇ ਇੰਨੇ ਸਬੰਧਾਂ ਕਰਕੇ, ਲੋਕਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕਲੀਸੀਆ ਨਾਲ ਉਸ ਦੇ ਰਿਸ਼ਤੇ ਕਰਕੇ ਉਸ ਨੂੰ ਸਤਿਕਾਰ ਦੇਣ ਅਤੇ ਕਲੀਸੀਆ ਨਾਲੋਂ ਉਸ ਦੇ ਸਬੰਧ ਨੂੰ ਨਾ ਤੋੜਨ। ਲੋਕਾਂ ਨੂੰ ਦੂਜੀਆਂ ਕਲੀਸੀਆਵਾਂ ਨਹੀਂ ਬਣਾਉਣੀਆਂ ਚਾਹੀਦੀਆਂ, ਦੂਜੀਆਂ ਨੀਂਹਾਂ ਤੇ ਰੱਦਾ ਰੱਖਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ, ਕਿਸੇ ਹੋਰ ਦੇ ਸਿਰ ਹੋਣ ਦੀ ਗੱਲ ਨਹੀਂ ਮੰਨਣੀ ਚਾਹੀਦੀ, ਅਤੇ ਹੋਰ ਮੁਕਤੀਦਾਤੇ ਨਹੀਂ ਭਾਲਣੇ ਚਾਹੀਦੇ। ਯਿਸੂ ਕਲੀਸੀਆ ਦੀ ਹਰ ਲੋੜ ਨੂੰ ਪੂਰਾ ਕਰਦਾ

ਹੈ (ਕੁਲੁੱਸੀਆਂ 2:10)।

**V. ਕਲੀਸੀਆ ਲਈ ਯਿਸੂ ਦੀ ਮੌਤ**

ਯਿਸੂ ਕਲੀਸੀਆ ਦਾ ਬਣਾਉਣ ਵਾਲਾ, ਨੀਂਹ, ਸਿਰ ਅਤੇ ਬਚਾਉਣਾ ਵਾਲਾ ਤਾਂ ਹੈ, ਪਰ ਉਸ ਨੇ ਕਲੀਸੀਆ ਲਈ ਕੀ ਅਤੇ ਕਿਉਂ ਕੀਤਾ ਹੈ? [ਅਫ਼ਸੀਆਂ 5:25 ਪੜ੍ਹੋ।] ਯਿਸੂ ਨੇ ਕਲੀਸੀਆ ਲਈ *ਕੀ* ਅਤੇ *ਕਿਉਂ* ਦਿੱਤਾ? [ਖਾਲੀ ਥਾਂ ਵਿਚ ''ਇਸ ਦੇ ਲਈ ਆਪਣੇ ਆਪ ਨੂੰ ਦੇ ਦਿੱਤਾ'' ਅਤੇ ''ਪ੍ਰੇਮ'' ਭਰੋ।] ਇਸ ਨੂੰ ਹੋਰ ਢੰਗ ਨਾਲ ਵੀ ਸਪੱਸ਼ਟ ਕੀਤਾ ਜਾਂਦਾ ਹੈ। [ਰਸੂਲਾਂ ਦੇ ਕੰਮ 20:28 ਪੜ੍ਹੋ।] ਯਿਸੂ ਨੇ ਕਲੀਸੀਆ ਨੂੰ *ਕੀ* ਦੇ ਕੇ ਮੁੱਲ ਲਿਆ ਹੈ? [ਖਾਲੀ ਥਾਂ ਵਿਚ ''ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ'' ਭਰੋ।]

[ਸਿਖਾਉਣ ਵਾਲਾ ਇੱਥੇ *ਪਿਛਲੇ ਪਾਸੇ* ਰਸੂਲਾਂ ਦੇ ਕੰਮ 20:28 ਅਤੇ ਹੇਠਾਂ ਦਿੱਤੇ ਸਵਾਲ ਲਿਖ ਸਕਦਾ ਹੈ।

1. ਕਲੀਸੀਆ ਨੂੰ ਕਿਸ ਨੇ ਮੁੱਲ ਲਿਆ?
2. ਕਲੀਸੀਆ ਕਿਸ ਦੀ ਹੈ?
3. ਕਲੀਸੀਆ ਉਸ ਦੀ ਕਿਉਂ ਹੈ?
4. ਉਸਨੇ ਇਸ ਨੂੰ ਕੀ ਦੇ ਕੇ ਮੁੱਲ ਲਿਆ ਹੈ?
5. ਸਾਨੂੰ ਕਲੀਸੀਆ ਨੂੰ ਕੀ ਕਹਿ ਕੇ ਪੁਕਾਰਨਾ ਚਾਹੀਦਾ ਹੈ?
6. ਕਲੀਸੀਆ ਦਾ ਸੰਭਾਵਿਤ ਮੁੱਲ ਕੀ ਲਾਇਆ ਗਿਆ ਸੀ?
7. ਯਿਸੂ ਕਲੀਸੀਆ ਦਾ ਕੀ ਮੁੱਲ ਦੇਣ ਨੂੰ ਤਿਆਰ ਸੀ?
8. ਕੀ ਕਲੀਸੀਆ ਯਿਸੂ ਲਈ ਬਹੁਮੁੱਲੀ ਹੈ?
9. ਯਿਸੂ ਦੇ ਲਹੂ ਦਾ ਲਾਭ ਉਠਾਉਣ ਲਈ ਸਾਨੂੰ ਇੱਥੇ ਹੋਣਾ ਚਾਹੀਦਾ ਹੈ?
10. ਯਿਸੂ ਸੁਰਗ ਵਿਚ ਆਪਣੇ ਨਾਲ ਕਿਸ ਨੂੰ ਲੈ ਕੇ ਜਾਵੇਗਾ?

ਇਨ੍ਹਾਂ ਸਵਾਲਾਂ ਨੂੰ ਲਿਖਣ ਤੋਂ ਬਾਅਦ, ਸਿਖਾਉਣ ਵਾਲਾ ਰਸੂਲਾਂ ਦੇ ਕੰਮ 20:28 ਵਿੱਚੋਂ ਸਿੱਖਣ ਵਾਲਿਆਂ ਨੂੰ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਵਿਚ ਮਦਦ ਕਰੇ। ਉਨ੍ਹਾਂ ਦੇ ਜਵਾਬ ਸਾਫ਼ ਹਨ ਅਤੇ ਇਸ ਤਰ੍ਹਾਂ ਹੋਣਗੇ: 1. ਯਿਸੂ ਨੇ; 2. ਯਿਸੂ ਦੀ; 3. ਉਸ ਨੇ ਮੁੱਲ ਲਿਆ ਹੈ; 4. ਆਪਣਾ ਲਹੂ; 5. ਉਸ ਦੀ (ਭਾਵ ਮਸੀਹ ਦੀ) ਕਲੀਸੀਆ; 6. ਯਿਸੂ ਦਾ ਲਹੂ; 7. ਆਪਣਾ ਲਹੂ; 8. ਹਾਂ; 9. ਉਸ ਦੀ ਕਲੀਸੀਆ ਵਿਚ; 10. ਆਪਣੀ ਕਲੀਸੀਆ ਨੂੰ।

ਸਵਾਲ 10 ਨੂੰ ਸਮਝਾਉਣ ਵਾਸਤੇ, ਸਿਖਾਉਣ ਵਾਲੇ ਨੂੰ ਚਾਹੀਦਾ ਹੈ ਕਿ ਕਿਸੇ ਬੰਦੇ ਬਾਰੇ ਦੱਸੇ ਜਿਹੜਾ ਦੁਕਾਨ 'ਚੋਂ ਇਕ ਬੈਗ ਖ਼ਰੀਦਦਾ ਹੈ ਅਤੇ ਕੁਝ ਹੋਰ ਸਮਾਨ ਲੈਣ ਲਈ ਦੁਕਾਨ ਦੇ ਇਕ ਕਮਰੇ ਵਿਚ ਚਲਿਆ ਜਾਂਦਾ ਹੈ। ਪਰ ਪਰਤਣ ਤੇ ਉਸ ਦੇ ਬੈਗ ਦੇ ਕੋਲ ਕਮਰੇ ਵਿਚ ਹੋਰ ਵੀ ਕਈ ਬੈਗ ਪਏ ਹੁੰਦੇ ਹਨ। ਉਹ ਆਪਣੇ ਘਰ ਕਿਹੜਾ ਬੈਗ ਲੈ ਕੇ ਜਾਵੇਗਾ? ਉਹ ਉਸੇ ਬੈਗ ਨੂੰ ਲੈ ਕੇ ਜਾਵੇਗਾ ਜਿਹੜਾ ਉਸ ਨੇ ਖਰੀਦਿਆ ਸੀ। ਜੇ ਉਹ ਕੋਈ ਹੋਰ ਬੈਗ ਲੈ ਲਵੇ, ਤਾਂ ਉਹ ਉਸ ਬੈਗ ਨੂੰ ਲੈ ਜਾਵੇਗਾ ਜਿਹੜਾ ਉਸ ਦਾ ਨਹੀਂ ਸੀ। ਇਵੇਂ ਲੱਗਦਾ ਹੈ ਕਿ ਯਿਸੂ ਸਿਰਫ਼ ਉਨ੍ਹਾਂ ਨੂੰ ਹੀ ਸੁਰਗ ਵਿਚ ਲੈ ਕੇ ਜਾਵੇਗਾ ਜਿਨ੍ਹਾਂ ਨੂੰ ਉਸ ਨੇ ਖਰੀਦਿਆ ਹੈ। ਜੇ ਉਹ ਉਨ੍ਹਾਂ ਨੂੰ ਸੁਰਗ ਵਿਚ ਲੈ ਜਾਵੇ ਜਿਨ੍ਹਾਂ ਨੂੰ ਉਸ ਨੇ ਆਪਣੇ ਲਹੂ ਨਾਲ ਨਹੀਂ ਖਰੀਦਿਆ ਤਾਂ ਉਹ ਸਲੀਬ ਤੇ ਆਪਣੇ ਲਹੂ ਦੇ ਵਹਾਉਣ ਦੀ ਲੋੜ ਨੂੰ ਬੇਕਾਰ ਕਰ ਦੇਵੇਗਾ; ਕਿਉਂਕਿ ਜੇ ਉਹ ਉਨ੍ਹਾਂ

ਨੂੰ ਸੁਰਗ ਵਿਚ ਲੈ ਕੇ ਜਾ ਸਕਦਾ ਹੈ ਜਿਨ੍ਹਾਂ ਨੂੰ ਉਸ ਨੇ ਆਪਣੇ ਲਹੂ ਨਾਲ ਨਹੀਂ ਖਰੀਦਿਆ ਤਾਂ ਸੁਰਗ ਵਿਚ ਉਨ੍ਹਾਂ ਦੇ ਦਾਖ਼ਲ ਹੋਣ ਲਈ ਉਸ ਦੇ ਲਹੂ ਵਹਾਉਣ ਦੀ ਕੋਈ ਲੋੜ ਨਹੀਂ ਸੀ। ਕਲੀਸੀਆ ਉਸ ਦੇ ਲਹੂ ਨਾਲ ਖਰੀਦੇ ਹੋਏ ਲੋਕ ਹੀ ਹਨ; ਇਸ ਲਈ ਸੁਰਗ ਵਿਚ ਕਲੀਸੀਆ ਦੇ ਲੋਕ ਹੀ ਜਾਣੇ ਚਾਹੀਦੇ ਹਨ। ਕੀ ਤੁਸੀਂ ਉਸ ਦੀ ਕਲੀਸੀਆ ਵਿਚ ਹੋ? ]

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਆਪਣੇ ਪ੍ਰੇਮ ਦੇ ਕਾਰਣ ਯਿਸੂ ਨੇ ਕਲੀਸੀਆ ਲਈ ਆਪਣਾ ਲਹੂ ਵਹਾਇਆ। ਜੇ ਅਸੀਂ ਯਿਸੂ ਦੇ ਲਹੂ ਨਾਲ ਮਿਲਣ ਵਾਲੇ ਲਾਭ ਨੂੰ ਪਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਕਲੀਸੀਆ ਵਿਚ ਹੋਣਾ ਜ਼ਰੂਰੀ ਹੈ।

## VI. ਅਧੀਨ ਰਹਿਣ ਵਾਲੀ ਕਲੀਸੀਆ

ਯਿਸੂ ਵੱਲੋਂ ਬਣਾਈ ਗਈ ਕਲੀਸੀਆ ਕਿਸ ਦੀ ਗੱਲ ਮੰਨਦੀ ਹੈ? ਕੀ ਉਸ ਦੀ ਕਲੀਸੀਆ ਧਾਰਮਿਕ ਹਦਾਇਤਾਂ, ਵਿਧੀਆਂ ਅਤੇ ਮਨੁੱਖ ਦੀਆਂ ਬਣਾਈਆਂ ਹੋਈਆਂ ਰਵਾਇਤਾਂ ਨੂੰ ਮੰਨਦੀ ਹੈ? [ਅਫ਼ਸੀਆਂ 5:24 ਪੜ੍ਹੋ।] ਕਲੀਸੀਆ *ਕਿਸ ਦੇ* ਅਧੀਨ ਹੈ? [ਖਾਲੀ ਥਾਂ ਵਿਚ ''ਮਸੀਹ'' ਭਰੋ।]

ਜੇ ਯਿਸੂ ਕਲੀਸੀਆ ਦਾ ਸਿਰ ਹੈ, ਅਤੇ ਕਲੀਸੀਆ ਉਸ ਦੇ ਅਧੀਨ ਹੈ ਤਾਂ ਕੀ ਕਲੀਸੀਆਵਾਂ ਲਈ ਆਪਣੇ ਨੇਮ ਅਤੇ ਵਿਧੀਆਂ ਬਣਾਉਣਾ ਸਹੀ ਹੈ? ਮਸੀਹ ਦੀ ਕਲੀਸੀਆ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਹਰ ਗੱਲ ਵਿਚ ਉਸ ਦਾ ਹੁਕਮ ਮੰਨਣ। ਜਿਹੜੇ ਉਸ ਦੀ ਨਹੀਂ ਸੁਣਨਗੇ ਉਨ੍ਹਾਂ ਨੂੰ ਉਸ ਦੇ ਲੋਕਾਂ ਵਿੱਚੋਂ ਛੇਕਿਆ ਜਾਵੇਗਾ (ਰਸੂਲਾਂ ਦੇ ਕੰਮ 3:23)।

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਕਲੀਸੀਆ, ਅਰਥਾਤ ਮਸੀਹ ਦੀ ਦੇਹ ਮਸੀਹ ਦੀ ਮਰਜ਼ੀ ਨੂੰ ਪੂਰਾ ਕਰਦੀ ਹੈ।

## VII. ਏਕਤਾ

1. ਅਸੀਂ ਪਹਿਲਾਂ ਹੀ ਸਿੱਖ ਚੁੱਕੇ ਹਾਂ ਕਿ ਯਿਸੂ ਦੀ ਸਿਰਫ਼ ਇੱਕੋ ਦੇਹ ਭਾਵ ਕਲੀਸੀਆ ਹੈ। ਯਿਸੂ ਇਸ ਦੇਹ ਦੇ ਅੰਗਾਂ ਜਾਂ ਮੈਂਬਰਾਂ ਦਾ ਇਕ ਦੂਸਰੇ ਨਾਲ ਕਿਹੋ ਜਿਹਾ ਸਬੰਧ ਚਾਹੁੰਦਾ ਹੈ? ਕੀ ਉਹ ਚਾਹੁੰਦਾ ਹੈ ਕਿ ਉਹ ਇਕ ਦੂਸਰੇ ਤੋਂ ਦੂਰ-ਦੂਰ ਜਾਂ ਮਿਲ ਕੇ ਰਹਿਣ? [ਯੂਹੰਨਾ 17:22 ਪੜ੍ਹੋ।] ਯਿਸੂ ਅਤੇ ਪਿਤਾ ਇਕ ਦੂਸਰੇ ਨਾਲ ਮਿਲ ਕੇ ਕੰਮ ਕਰਦੇ ਹਨ। *ਭਲਾ* ਯਿਸੂ ਚਾਹੁੰਦਾ ਹੈ ਕਿ ਉਸ ਦੇ ਪਿੱਛੇ ਚੱਲਣ ਵਾਲੇ ਨਮੂਨਾ ਲੈ ਕੇ ਉਸ ਦੀ ਰੀਸ ਕਰਨ? [ਖਾਲੀ ਥਾਂ ਵਿਚ ''ਇੱਕੋ'' ਭਰੋ।] ਯਿਸੂ ਚਾਹੁੰਦਾ ਹੈ ਕਿ ਜਿਵੇਂ ਉਹ ਅਤੇ ਪਿਤਾ ਇੱਕੋ ਹਨ ਉਸੇ ਤਰ੍ਹਾਂ ਉਸਦੇ ਮੰਨਣ ਵਾਲੇ ਵੀ ਇੱਕੋ ਹੋਣ।

2. ਪੌਲੁਸ ਨੇ ਕੁਰਿੰਥੁਸ ਦੀ ਕਲੀਸੀਆ ਨੂੰ ਯਿਸੂ ਦੀ ਇੱਛਾ ਅਨੁਸਾਰ ਜ਼ਿੰਦਗੀ ਬਿਤਾਉਣ ਲਈ ਲਿਖਿਆ। ਉਨ੍ਹਾਂ ਵਿਚ ਕੋਈ ਆਪਸੀ ਝਗੜਾ ਸੀ। ਪੌਲੁਸ ਨੇ ਉਨ੍ਹਾਂ ਨੂੰ ਕੀ ਕਰਨ ਲਈ ਕਿਹਾ? [1 ਕੁਰਿੰਥੀਆਂ 1:10 ਪੜ੍ਹੋ।] ਉਨ੍ਹਾਂ ਨੇ ਕੀ ਕਰਨਾ ਸੀ? [ਖਾਲੀ ਥਾਂ ਵਿਚ ''ਇੱਕੋ'' ਅਤੇ ''ਫੋਟਕ'' ਭਰੋ। ਸਿਖਾਉਣ ਵਾਲੇ ਨੂੰ ਚਾਹੀਦਾ ਹੈ ਕਿ ਬਾਈਬਲ ਦੇ ਕੁਝ ਅਨੁਵਾਦਾਂ ਵਿਚ ਸ਼ਬਦਾਂ ਵਿਚ ਫ਼ਰਕ ਹੋਣ ਕਰਕੇ, ਅਧਿਐਨ ਸ਼ੀਟ ਦੇ ਸ਼ਬਦਾਂ ਵਿਚ ਥੋੜ੍ਹਾ ਜਿਹਾ ਫ਼ਰਕ ਕਰ ਲਵੇ।] ਉਨ੍ਹਾਂ ਵਿਚ ਪਾਈ ਜਾਣ ਵਾਲੀ ਫੁੱਟ ਮਨਜ਼ੂਰ ਨਹੀਂ ਸੀ ਅਤੇ ਉਨ੍ਹਾਂ ਵਿਚ ਸੁਧਾਰ ਦੀ ਲੋੜ ਸੀ।

3. ਪੌਲੁਸ ਨੇ ਫ਼ਿਲਿੱਪੈ ਵਿਚ ਰਹਿਣ ਵਾਲੇ ਭਰਾਵਾਂ ਨੂੰ ਨਸੀਹਤ ਦਿੱਤੀ [ਫ਼ਿਲਿੱਪੀਆਂ 1:27 ਪੜ੍ਹੋ।] ਉਹ ਉਨ੍ਹਾਂ ਕੋਲੋਂ ਨਿਹਚਾ ਲਈ ਜਤਨ ਕਰਦੇ ਹੋਏ ਕਿਹੋ ਜਿਹਾ ਵਰਤਾਉ ਚਾਹੁੰਦਾ ਸੀ? [ਖਾਲੀ ਥਾਂ ਵਿਚ ''ਇਕ'' ਅਤੇ ''ਇਕ ਮਨ'' ਭਰੋ।] ਵਿਸ਼ਵਾਸ ਕਿੰਨੇ ਹਨ? ਸਿਰਫ਼ ਇੱਕੋ ਵਿਸ਼ਵਾਸ ਹੈ (ਅਫ਼ਸੀਆਂ 4:5)।

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਯਿਸੂ ਦੇ ਪਿੱਛੇ ਚੱਲਣ ਵਾਲਿਆਂ ਭਾਵ ਉਸ ਦੀ ਕਲੀਸੀਆ ਨੂੰ ਇਕ ਹੋ ਕੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਇਕੱਠੇ ਰਹਿ ਕੇ ਇਕ ਮਨ ਨਾਲ, ਬਿਨਾਂ ਫੁੱਟ ਦੇ ਅਤੇ ਇਕ ਦੂਜੇ ਦੇ ਪ੍ਰਤੀ ਬਿਨਾਂ ਕਿਸੇ ਦੁਰਭਾਵਨਾ ਦੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਜੇ ਯਿਸੂ ਨੇ ਸਿਰਫ਼ ਇੱਕੋ ਕਲੀਸੀਆ ਬਣਾਈ ਅਤੇ ਕਲੀਸੀਆ ਦਾ ਸਿਰ ਹੋਣ ਕਰਕੇ ਉਹ ਆਪਣੀ ਦੇਹ ਦੇ ਵਿਸ਼ਵਾਸੀਆਂ ਵਿਚ ਏਕਤਾ ਚਾਹੁੰਦਾ ਹੈ, ਤਾਂ ਫਿਰ ਇੰਨੀਆਂ ਕਲੀਸੀਆਵਾਂ ਕਿਉਂ ਹਨ? ਇਹ ਇਕ ਅਜਿਹਾ ਸਵਾਲ ਹੈ ਜੋ ਬਹੁਤ ਸਾਰੇ ਲੋਕ ਪੁੱਛਦੇ ਹਨ। ਇਸ ਦਾ ਜਵਾਬ ਇੰਨਾ ਸੌਖਾ ਨਹੀਂ ਹੈ, ਪਰ ਬਾਈਬਲ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਇਸ ਤਰ੍ਹਾਂ ਹੋਵੇਗਾ।

ਧਿਆਨ ਦਿਓ ਕਿ ਪੌਲੁਸ ਰਸੂਲ ਨੇ ਅਫ਼ਸੁਸ ਦੀ ਕਲੀਸੀਆ ਦੇ ਐਲਡਰਾਂ ਨੂੰ ਕੀ ਦੱਸਿਆ [ਰਸੂਲਾਂ ਦੇ ਕੰਮ 20:17, 28–31 ਪੜ੍ਹੋ।] ਕਲੀਸੀਆ ਦਾ ਕੀ ਹੋਣ ਵਾਲਾ ਸੀ? ਭਲਾ ਲੋਕਾਂ ਨੇ ਉਲਟੀ ਸਿੱਖਿਆ ਸਿਖਾ ਕੇ ਆਪਣੇ ਪਿੱਛੇ ਲੋਕਾਂ ਨੂੰ ਨਹੀਂ ਲਾ ਲੈਣਾ ਸੀ? [*ਪਿਛਲੇ ਪਾਸੇ* ਵਰਗ ਤੋਂ ਜੋ ਕਲੀਸੀਆ ਨੂੰ ਦਰਸਾਉਂਦਾ ਹੈ ਛੋਟੇ ਵਰਗ ਅਰਥਾਤ ਜਗਤ ਵੱਲ ਇਕ ਤੀਰ ਖਿੱਚੋ। ਤੀਰ ਵਿਚ ''ਚੇਲੇ'' ਅਤੇ ਨਵੇਂ ਵਰਗ ਦੇ *ਉੱਪਰ,* ਇਸ ਦੇ *ਕੋਲ,* ਇਸ ਦੇ *ਹੇਠਾਂ* ਅਤੇ ਇਸ *ਵਿਚ* ''ਲੋਕ'' ਲਿਖੋ। ਵੇਖੋ ਸਫ਼ਾ 156।]

ਧਿਆਨ ਦਿਓ ਕਿ ਇਨਸਾਨ ਵੱਲੋਂ ਸ਼ੁਰੂ ਕੀਤੀਆਂ ਕਲੀਸੀਆਵਾਂ ਤੇ ਸਿਰ ਮਨੁੱਖ ਹੀ ਹੈ ਅਤੇ ਉਨ੍ਹਾਂ ਨੂੰ ਮਨੁੱਖਾਂ ਦੀਆਂ ਸਿੱਖਿਆਵਾਂ ਦੇ ਅਧਾਰ ਤੇ ਹੀ ਬਣਾਇਆ ਗਿਆ ਹੈ। ਇਹ ਕਲੀਸੀਆਵਾਂ ਯਿਸੂ ਦੀ ਬਣਾਈ ਕਲੀਸੀਆ ਅਰਥਾਤ ਉਸਦੀ ਕਲਸੀਆ ਦਾ ਜਿਸ ਦਾ ਸਿਰ, ਨੀਂਹ ਅਤੇ ਬਚਾਉਣ ਵਾਲਾ ਯਿਸੂ ਹੈ, ਮੁਕਾਬਲਾ ਕਰਦੀਆਂ ਹਨ।

ਯਿਸੂ ਆਪਣੀ ਕਲੀਸੀਆ ਲਈ ਮਰਿਆ ਅਤੇ ਆਪਣੀ ਹੀ ਕਲੀਸੀਆ ਦਾ ਬਚਾਉਣ ਵਾਲਾ ਹੈ। ਆਦਮੀ ਦੀਆਂ ਬਣਾਈਆਂ ਕਲੀਸੀਆਵਾਂ ਲਈ ਕੌਣ ਮਰਿਆ ਸੀ ਅਤੇ ਇਨ੍ਹਾਂ ਕਲੀਸੀਆਵਾਂ ਦਾ ਬਚਾਉਣ ਵਾਲਾ ਕੌਣ ਹੈ? ਮਨੁੱਖਾਂ ਦੀਆਂ ਕਲੀਸੀਆਵਾਂ ਨੂੰ ਬਣਾਉਣ ਵਾਲਾ ਨੀਂਹ ਅਤੇ ਸਿਰ ਹੀ ਗਲਤ ਹੈ। ਇਸ ਤਰ੍ਹਾਂ ਉਹ ਯਿਸੂ ਦੀ ਬਣਾਈ ਕਲੀਸੀਆ ਨਾਲੋਂ ਫ਼ਰਕ ਹਨ। ਭਲਾ ਉਨ੍ਹਾਂ ਦਾ ਬਚਾਉਣ ਵਾਲਾ ਮਸੀਹ ਦੀ ਕਲੀਸੀਆ ਦੇ ਬਚਾਉਣ ਵਾਲੇ ਵਰਗਾ ਹੋ ਸਕਦਾ ਹੈ?

ਸਭ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਜਗਤ ਨੂੰ ਛੱਡ ਕੇ ਮਨੁੱਖਾਂ ਦੀ ਬਣਾਈ ਗਈ ਕਲੀਸੀਆ ਨੂੰ ਛੱਡ ਕੇ ਉਸ ਕਲੀਸੀਆ ਵਿਚ ਇਕ ਹੋ ਜਾਣ ਜਿਸ ਨੂੰ ਯਿਸੂ ਨੇ ਬਣਾਇਆ। ਇਹੀ ਸੁਰੱਖਿਅਤ ਢੰਗ ਹੈ। ਆਦਮੀ ਆਪਣੀਆਂ ਬਣਾਈਆਂ ਕਲੀਸੀਆਵਾਂ ਨੂੰ ਬਚਾ ਨਹੀਂ ਸਕਦਾ, ਪਰ ਯਿਸੂ ਆਪਣੀ ਕਲੀਸੀਆ ਨੂੰ ਬਚਾ ਸਕਦਾ ਹੈ। ਕੀ ਤੁਸੀਂ ਮਸੀਹ ਦੀ ਕਲੀਸੀਆ ਵਿਚ ਹੋ? ਜੇ ਤੁਸੀਂ ਇਸ ਵਿਚ ਨਹੀਂ ਹੋ ਤਾਂ ਹੁਣੇ ਇਸ ਵਿਚ ਆ ਕੇ ਪ੍ਰਭੂ ਨੂੰ ਆਪਣਾ ਮੁਕਤੀਦਾਤਾ ਕਿਉਂ ਨਹੀਂ ਮੰਨ ਲੈਂਦੇ?

## VIII. ਕਲੀਸੀਆ ਦਾ ਭਵਿੱਖ

ਯਿਸੂ ਦੇ ਪਿਆਰ ਨੇ ਉਸ ਨੂੰ ਕਲੀਸੀਆ ਵਾਸਤੇ ਮਰਨ ਲਈ ਪ੍ਰੇਰਿਆ (ਅਫ਼ਸੀਆਂ 5:25)। ਪਰ ਯਿਸੂ ਨੂੰ ਆਪਣੇ ਆਪ ਨੂੰ ਇਸ ਤਰ੍ਹਾਂ ਦੇਣ ਦੀ ਕੀ ਲੋੜ ਸੀ। ਪੌਲੁਸ ਰਸੂਲ ਨੇ ਇਸ ਦੇ ਦੋ ਕਾਰਣ ਦੱਸੇ ਹਨ। [ਅਫ਼ਸੀਆਂ 5:26, 27 ਪੜ੍ਹੋ।] ਇਨ੍ਹਾਂ ਵਿੱਚੋਂ ਪਹਿਲਾ ਕਾਰਣ ਅਫ਼ਸੀਆਂ 5:26 ਵਿਚ ਮਿਲਦਾ ਹੈ। ਯਿਸੂ ਨੇ ਆਪਣੇ ਆਪ ਨੂੰ ਇਸ ਲਈ ਦਿੱਤਾ ਤਾਂ ਜੋ ਉਹ ਕਲੀਸੀਆ ਲਈ *ਕੀ* ਕਰ ਸਕੇ? [ਖਾਲੀ ਥਾਂ ਵਿਚ ''ਸ਼ੁੱਧ'' ਅਤੇ ''ਪਵਿੱਤਰ ਕਰੇ'' ਭਰੋ।]

''ਪਵਿੱਤਰ ਕਰਨਾ'' ਸ਼ਬਦ ਅੱਜ ਬਹੁਤਾ ਚਲਨ ਵਿਚ ਨਹੀਂ ਹੈ। ਇਸ ਦਾ ਕੀ ਅਰਥ ਹੈ? ਇਸ ਦਾ ਅਰਥ ਕਿਸੇ ਖਾਸ ਮਕਸਦ ਲਈ ਵੱਖ ਕਰਨਾ ਹੈ। ਕੱਪੜੇ ਦੇ ਇਕ ਟੁਕੜੇ ਨੂੰ ਕਈ ਤਰ੍ਹਾਂ ਨਾਲ ਵਰਤਿਆ ਜਾ ਸਕਦਾ ਹੈ: ਇਸ ਨਾਲ ਫ਼ਰਸ਼ ਸਾਫ਼ ਕੀਤਾ ਜਾ ਸਕਦਾ ਹੈ, ਨੱਕ ਸਾਫ਼ ਕੀਤਾ ਜਾ ਸਕਦਾ ਹੈ, ਭਾਂਡੇ ਮਾਂਜੇ ਜਾ ਸਕਦੇ ਹਨ ਆਦਿ। ਜੇ ਕੱਪੜੇ ਦੇ ਇਕ ਟੁਕੜੇ ਤੇ ਕਿਸੇ ਦੇਸ਼ ਦਾ ਝੰਡਾ ਛਪਿਆ ਹੋਵੇ, ਤਾਂ ਇਸ ਨੂੰ ਆਮ ਉਦੇਸ਼ਾਂ ਨਾਲੋਂ ਵੱਖ ਕਰਕੇ ਸਿਰਫ਼ ਝੰਡੇ ਦੇ ਰੂਪ ਵਿਚ ਵਰਤਿਆ ਜਾਵੇਗਾ। ਯਿਸੂ ਆਪਣੀ ਕਲੀਸੀਆ ਨੂੰ ''ਪਵਿੱਤਰ ਕਰਨ'' ਅਰਥਾਤ ਦੁਸ਼ਟ ਸੰਸਾਰ ਤੋਂ ਆਪਣੇ ਲੋਕਾਂ ਨੂੰ ਵੱਖ ਕਰਨ ਲਈ ਮਰਿਆ ਤਾਂ ਜੋ ਇਸ ਨਾਲ ਉਸ ਦਾ ਸੁਰਗੀ ਮਕਸਦ ਪੂਰਾ ਹੋਵੇ।

ਉਹ ਕਲੀਸੀਆ ਨੂੰ ''ਸ਼ੁੱਧ ਕਰਨ'' ਲਈ ਵੀ ਮਰਿਆ। ਸੁਰਗ ਵਿਚ ਕਿਸੇ ਤਰ੍ਹਾਂ ਦੀ ਅਸ਼ੁੱਧ, ਮਿਲਾਵਟੀ, ਜਾਂ ਅਪਵਿੱਤਰ ਚੀਜ਼ ਨਹੀਂ ਵੜ ਸਕਦੀ (ਪ੍ਰਕਾਸ਼ ਦੀ ਪੋਥੀ 21:27) ਯਿਸੂ ਕਲੀਸੀਆ ਨੂੰ ਸਿਰਫ਼ ਸ਼ੁੱਧ ਕਰਨ ਲਈ ਹੀ ਨਹੀਂ, ਬਲਕਿ ਇਸ ਨੂੰ ਸੁਰਗ ਵਿਚ ਲੈ ਜਾਣ ਲਈ ਅਤੇ ਬਣਾਉਣ ਲਈ ਮਰਿਆ। ਉਹ ਇਕ ਦੇਹ ਮਸੀਹ ਵਿਚ ਹੁੰਦੀ ਹੈ ਜਿੱਥੇ ਇਸ ਨੂੰ ਯਿਸੂ ਦੇ ਲਹੂ (ਰੋਮੀਆਂ 12:5; ਅਫ਼ਸੀਆਂ 1:7) ਅਰਥਾਤ ਉਸ ਦੇ ਲਹੂ ਨਾਲ ਜਿਸ ਨੇ ਕਲੀਸੀਆ ਨੂੰ ਮੁੱਲ ਲਿਆ ਹੈ (ਰਸੂਲਾਂ ਦੇ ਕੰਮ 20:28) ਸ਼ੁੱਧ ਕੀਤਾ ਜਾਂਦਾ ਹੈ।

ਇਹ ਵੀ ਧਿਆਨ ਦਿਓ ਕਿ ਯਿਸੂ ਨੇ ਆਪਣੇ ਆਪ ਨੂੰ ਇਸ ਲਈ ਦਿੱਤਾ ਤਾਂ ਕਿ ਉਹ ਵਚਨ ਤੋਂ ਜਲ ਦੇ ਅਸ਼ਨਾਨ ਨਾਲ ਕਲੀਸੀਆ ਨੂੰ ਸ਼ੁੱਧ ਕਰ ਸਕੇ। ਸਾਡੇ ਪਾਪਾਂ ਨੂੰ ਸ਼ੁੱਧ ਕਰਨ ਦੀ ਸ਼ਕਤੀ ਨਾ ਤਾਂ ਪਾਣੀ ਵਿਚ ਹੈ ਅਤੇ ਨਾ ਹੀ ਵਚਨ ਵਿਚ। ਯਿਸੂ ਨੇ ਆਪਣੇ ਆਪ ਨੂੰ ਇਸ ਲਈ ਦੇ ਦਿੱਤਾ ਤਾਂ ਕਿ ਉਹ ਵਚਨ ਤੋਂ ਜਲ ਦੇ ਅਸ਼ਨਾਲ ਨਾਲ ਸ਼ੁੱਧ ਕਰੇ।

ਜੇ ਤੁਹਾਡੇ ਬੈਂਕ ਖਾਤੇ ਵਿਚ ਕੋਈ ਪੈਸਾ ਜਮ੍ਹਾ ਨਾ ਹੋਵੇ ਤਾਂ ਚੈੱਕ ਦਾ ਕੋਈ ਮਹੱਤਵ ਨਹੀਂ ਹੁੰਦਾ। ਚੈੱਕ ਦਾ ਮਹੱਤਵ ਖਾਤੇ ਵਿਚ ਪੈਸੇ ਹੋਣ ਤੇ ਹੀ ਹੁੰਦਾ ਹੈ। ਇਸੇ ਤਰ੍ਹਾਂ, ਯਿਸੂ ਦਾ ਲਹੂ ਹੀ ਹੈ ਜੋ ਜਲ ਅਤੇ ਵਚਨ ਨਾਲ ਸ਼ੁੱਧ ਹੋਣਾ ਸੰਭਵ ਬਣਾਉਂਦਾ ਹੈ। ਵਚਨ ਜ਼ਰੂਰੀ ਹੈ ਤਾਂ ਕਿ ਲੋਕ ਸੁਣ ਕੇ ਅਤੇ ਸਿੱਖ ਕੇ ਯਿਸੂ ਵਿਚ ਵਿਸ਼ਵਾਸ ਲਿਆ ਸਕਣ (ਯੂਹੰਨਾ 17:20; ਰਸੂਲਾਂ ਦੇ ਕੰਮ 17:11, 12), ਤੌਬਾ ਕਰ ਸਕਣ, ਯਿਸੂ ਵਿਚ ਵਿਸ਼ਵਾਸ ਦਾ ਇਕਰਾਰ ਕਰ ਸਕਣ ਅਤੇ ਬਪਤਿਸਮਾ ਲੈ ਸਕਣ। ਜਲ ਦੇ ਬਿਨਾਂ ਵਚਨ ਸਾਨੂੰ ਸ਼ੁੱਧ ਨਹੀਂ ਕਰੇਗਾ ਅਤੇ ਵਚਨ ਦੇ ਬਿਨਾਂ ਜਲ ਸਾਨੂੰ ਸ਼ੁੱਧ ਨਹੀਂ ਕਰੇਗਾ। ਜਲ ਅਤੇ ਵਚਨ ਦੋਵੇਂ ਜ਼ਰੂਰੀ ਹਨ। ਧਿਆਨ ਦਿਓ ਕਿ ਸੌਲੁਸ ਨੂੰ ਕਿਵੇਂ ਉੱਠ ਕੇ ਆਪਣੇ ਪਾਪ ਧੋ ਸੁੱਟਣ ਲਈ ਆਖਿਆ ਗਿਆ ਸੀ (ਰਸੂਲਾਂ ਦੇ ਕੰਮ 22:16)। ਯਿਸੂ ਨੇ ਆਪਣੇ ਆਪ ਨੂੰ ਦੇ ਦਿੱਤਾ ਤਾਂ ਜੋ ਉਹ ਵਚਨ ਨੂੰ ਮੰਨਣ ਵਾਲਿਆਂ (ਰਸੂਲਾਂ ਦੇ ਕੰਮ 2:41) ਅਤੇ ਪਾਣੀ ਵਿਚ ਬਪਤਿਸਮਾ ਲੈਣ ਵਾਲਿਆਂ ਨੂੰ ਸ਼ੁੱਧ ਕਰੇ।

ਯਿਸੂ ਦਾ ਆਪਣੇ ਆਪ ਨੂੰ ਦੇਣ ਦਾ ਦੂਸਰਾ ਮਕਸਦ ਅਫ਼ਸੀਆਂ 5:27 ਵਿਚ ਮਿਲਦਾ

ਹੈ। ਉਸ ਨੇ ਆਪਣੇ ਆਪ ਨੂੰ ਇਸ ਲਈ ਦੇ ਦਿੱਤਾ ਤਾਂ ਕਿ ਉਹ ਕਲੀਸੀਆ ਨੂੰ ਆਪਣੇ ਲਈ ਬਿਨਾਂ ਕਿਸੇ ਦਾਗ, ਅਸ਼ੁੱਧਤਾ ਦੇ ਅਰਥਾਤ ਪਵਿੱਤਰ ਅਤੇ ਨਿਹਕਲੰਕ ਕਲੀਸੀਆ ਬਣਾਏ।

ਨਗਰ ਦੀ ਬਸਤੀ ਵਿੱਚੋਂ ਦੀ ਲੰਘਦੇ ਹੋਏ ਇਕ ਧਨਵਾਨ ਖੂਬਸੂਰਤ ਔਰਤ ਨੂੰ ਵੇਖ ਕੇ ਉਸ ਤੋਂ ਮੋਹਿਤ ਹੋ ਸਕਦਾ ਹੈ। ਉਸ ਬਾਰੇ ਪਤਾ ਲਾ ਕੇ, ਜੇ ਉਹ ਉਸ ਨੂੰ ਆਪਣੀ ਮਾਂ ਨਾਲ ਮਿਲਾਉਣਾ ਚਾਹੇ ਤਾਂ ਜੋ ਵਿਆਹ ਲਈ ਮਾਂ ਆਪਣੀ ਮਨਜ਼ੂਰੀ ਦੇ ਦੇਵੇ, ਤਾਂ ਉਸ ਆਦਮੀ ਨੂੰ ਲਗ ਸਕਦਾ ਹੈ ਕਿ ਉਸ ਦੀ ਮਾਂ ਨੂੰ ਉਹ ਔਰਤ ਕਬੂਲ ਨਹੀਂ ਹੋਵੇਗੀ। ਉਹ ਆਪਣੀ ਮਾਂ ਦੇ ਸਾਹਮਣੇ ਸੋਹਣੀ ਵਿਖਾਉਣ ਲਈ ਉਸ ਨੂੰ ਵਧੀਆ, ਸਾਫ਼ ਅਤੇ ਸੋਹਣੇ ਕੱਪੜੇ ਪੁਆ ਕੇ ਤਿਆਰ ਕਰੇਗਾ। ਤਾਂ ਹੀ ਉਹ ਉਸ ਨੂੰ ਆਪਣੀ ਮਾਂ ਕੋਲ ਲੈ ਜਾਵੇਗਾ।

ਇਸ ਤਰ੍ਹਾਂ ਪਾਪ ਦੀ ਆਪਣੀ ਹਾਲਤ ਵਿਚ, ਪਿਤਾ ਦੇ ਘਰ ਵਿਚ ਸਾਨੂੰ ਜਗ੍ਹਾ ਨਹੀਂ ਮਿਲਣੀ ਸੀ। ਯਿਸੂ ਨੇ ਕਲੀਸੀਆ ਨੂੰ ਸ਼ੁੱਧ ਕਰਕੇ ਇਸ ਨੂੰ ਆਪਣਾ ਆਪ ਪਹਿਨਾ ਦਿੱਤਾ ਹੈ (ਗਲਾਤੀਆਂ 3:27) ਤਾਂ ਜੋ ਉਹ ਇਸ ਨੂੰ ਇਕ ਪਾਕ ਕੁਆਰੀ ਵਾਂਙੂ ਆਪਣੇ ਲਈ ਪੇਸ਼ ਕਰ ਸਕੇ (2 ਕੁਰਿੰਥੀਆਂ 11:2)। ਕੀ ਤੁਸੀਂ ਮਸੀਹ ਦੀ ਕਲੀਸੀਆ ਵਿਚ ਹੋ? ਤੁਹਾਨੂੰ ਮਸੀਹ ਦੀ ਕਲੀਸੀਆ ਦੇ ਮੈਂਬਰ ਕਿਉਂ ਹੋਣਾ ਚਾਹੀਦਾ ਹੈ? ਮਸੀਹ ਦੀ ਕਲੀਸੀਆ ਦਾ ਭਵਿੱਖ ਕੀ ਹੈ?

ਤੁਸੀਂ ਮਸੀਹ ਦੀ ਕਲੀਸੀਆ ਵਿਚ ਕਿਵੇਂ ਆ ਸਕਦੇ ਹੋ? ਕੀ ਤੁਸੀਂ ਵਚਨ ਨੂੰ ਸੁਣਿਆ ਹੈ, ਯਿਸੂ ਵਿਚ ਵਿਸ਼ਵਾਸ ਕੀਤਾ ਹੈ, ਆਪਣੇ ਪਾਪਾਂ ਤੋਂ ਤੌਬਾ ਕੀਤੀ ਹੈ, ਯਿਸੂ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕੀਤਾ ਹੈ ਅਤੇ ਬਪਤਿਸਮਾ ਲੈ ਲਿਆ ਹੈ? ਯਿਸੂ ਦੀ ਮਰਜ਼ੀ ਨੂੰ ਪੂਰਾ ਕਰਨ ਵਿਚ ਤੁਹਾਡੇ ਵਿਚ ਕੀ ਕਮੀ ਹੈ। ਹੁਣ ਤੁਸੀਂ ਉਸ ਦੀ ਗੱਲ ਕਿਉਂ ਨਹੀਂ ਮੰਨ ਲੈਂਦੇ?

ਅਸੀਂ ਇਸ ਭਾਗ ਵਿਚ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਕਲੀਸੀਆ ਲਈ ਯਿਸੂ ਦੇ ਪ੍ਰੇਮ ਨੇ ਉਸਨੂੰ ਆਪਣੀ ਮੌਤ ਦੇ ਰਾਹੀਂ ਕਲੀਸੀਆ ਨੂੰ ਪਵਿੱਤਰ ਅਤੇ ਸ਼ੁੱਧ ਕਰਨ ਦੀ ਪ੍ਰੇਰਣਾ ਦਿੱਤੀ ਤਾਂ ਜੋ ਉਹ ਉਸ ਨੂੰ ਆਪਣੇ ਲਈ ਬੇਦਾਗ ਅਤੇ ਨਿਹਕਲੰਕ ਕਲੀਸੀਆ ਬਣਾ ਸਕੇ।

**ਸਾਰ**

ਇਸ ਪਾਠ ਵਿਚ ਅਸੀਂ ਯਿਸੂ ਦੇ ਕੋਲ ਅਰਥਾਤ ਕਲੀਸੀਆ ਦੇ ਬਾਰੇ ਅਧਿਐਨ ਕੀਤਾ ਹੈ।

I. *ਮਸੀਹ ਦੀ ਕਲੀਸੀਆ ਕਿਨ੍ਹਾਂ ਲੋਕਾਂ ਨਾਲ ਬਣਦੀ ਹੈ?* ਕਲੀਸੀਆ ਅਰਥਾਤ ਮਸੀਹ ਦੀ ਦੇਹ ਉਨ੍ਹਾਂ ਆਦਮੀਆਂ ਅਤੇ ਔਰਤਾਂ ਨਾਲ ਬਣਦੀ ਹੈ ਜੋ ਉਸ ਦੇ ਪਿੱਛੇ ਚੱਲਣ ਵਾਲੇ, ਉਸਦੇ ਚੇਲੇ ਹਨ ਅਰਥਾਤ ਜਿਨ੍ਹਾਂ ਨੂੰ ਮਸੀਹੀ ਕਿਹਾ ਜਾਂਦਾ ਹੈ।

II. *ਕਿੰਨੀਆਂ ਦੇਹਾਂ ਹਨ?* ਦੇਹ ਸਿਰਫ਼ ਇੱਕੋ ਹੈ।

III. *ਇਹ ਕਿਹਦੀ ਕਲੀਸੀਆ (ਦੇਹ) ਹੈ?* ਮਸੀਹੀ ਲੋਕਾਂ ਦੀ ਦੇਹ ਯਿਸੂ ਦੀ ਹੀ ਹੈ।

IV. *ਮਸੀਹ ਕਲੀਸੀਆ ਦਾ ਕੀ ਹੈ?* ਮਸੀਹ ਇਸ ਦਾ ਬਣਾਉਣ ਵਾਲਾ ਹੈ, ਨੀਂਹ, ਸਿਰ ਅਤੇ ਬਚਾਉਣ ਵਾਲਾ ਹੈ।

V. *ਮਸੀਹ ਨੇ ਕਲੀਸੀਆ ਵਾਸਤੇ ਕੀ ਕੀਤਾ ਹੈ?* ਯਿਸੂ ਨੇ ਆਪਣੇ ਲਹੂ ਨਾਲ ਕਲੀਸੀਆ ਨੂੰ ਮੁੱਲ ਲੈਣ ਲਈ ਆਪਣੇ ਆਪ ਨੂੰ ਦੇ ਦਿੱਤਾ।

VI. *ਕਲੀਸੀਆ ਮਸੀਹ ਦੇ ਅਧੀਨ ਹੈ।*

VII. *ਯਿਸੂ ਮਸੀਹ ਮੈਂਬਰਾਂ ਵਿਚ ਕਿਹੋ ਜਿਹੀ ਏਕਤਾ ਚਾਹੁੰਦਾ ਹੈ?* ਉਹ ਇਹੀ ਏਕਤਾ ਚਾਹੁੰਦਾ ਹੈ ਜਿਹੜੀ ਪਿਤਾ ਨਾਲ ਉਸ ਦੀ ਹੈ, ਕਿਉਂਕਿ ਉਸ ਨੇ ਆਪਣੇ ਪਿੱਛੇ ਚੱਲਣ ਵਾਲਿਆਂ

ਲਈ ਦੁਆ ਕੀਤੀ ਸੀ ਕਿ ''ਉਹ ਵੀ ਉਵੇਂ ਇਕ ਹੋ ਜਾਣ ਜਿਵੇਂ ਕਿ ਅਸੀਂ ਇਕ ਹਾਂ।''

VIII. *ਯਿਸੂ ਨੇ ਕਲੀਸੀਆ ਲਈ ਆਪਣੇ ਆਪ ਨੂੰ ਦੇ ਦਿੱਤਾ ਤਾਂ ਜੋ ਉਹ ਇਸ ਨੂੰ ਵਚਨ ਦੇ ਰਾਹੀਂ ਜਲ ਦੇ ਅਸ਼ਨਾਨ ਨਾਲ ਪਵਿੱਤਰ ਅਤੇ ਸ਼ੁੱਧ ਕਰੇ, ਤਾਂ ਜੋ ਇਸ ਨੂੰ ਆਪਣੇ ਆਪ ਲਈ ਪੇਸ਼ ਕਰ ਸਕਦੇ।*

ਇਸ ਪਾਠ ਵਿਚ ਅਸੀਂ ਸਿੱਖਿਆ ਹੈ ਕਿ ਇਕ ਮਸੀਹੀ ਬਣ ਕੇ ਅਸੀਂ ਵਿਸ਼ਵਾਸੀਆਂ ਨਾਲ ਬਣੀ ਯਿਸੂ ਦੀ ਦੇਹ ਅਰਥਾਤ ਉਸ ਦੀ ਕਲੀਸੀਆ ਦੇ ਮੈਂਬਰਾਂ ਵਿੱਚੋਂ ਇਕ ਬਣ ਜਾਂਦੇ ਹਾਂ। ਯਿਸੂ ਦੀ ਅਜਿਹੀ ਸਿਰਫ਼ ਇਕ ਹੀ ਦੇਹ ਹੈ, ਭਾਵ ਉਹ ਦੇਹ ਜਿਸ ਵਿਚ ਸਾਨੂੰ ਬਾਈਬਲ ਵਿਚ ਸਿਖਾਇਆ ਗਿਆ ਇਕ ਬਪਤਿਸਮਾ ਲੈ ਕੇ ਆਉਂਦੇ ਹਨ। ਉਸਦੀ ਦੇਹ ਵਿਚ ਇਕ ਅੰਗ ਦੇ ਰੂਪ ਵਿਚ, ਅਸੀਂ ਉਸ ਕਲੀਸੀਆ ਦੇ ਮੈਂਬਰ ਹਾਂ ਜਿਸਦਾ ਉਹ ਬਣਾਉਣ ਵਾਲਾ ਹੈ, ਸਿਰਫ਼ ਉਹੀ ਉਸ ਦੀ ਨੀਂਹ ਹੈ ਅਤੇ ਜਿਸ ਦਾ ਉਹ ਸਿਰ ਅਤੇ ਬਚਾਓਣ ਵਾਲਾ ਹੈ। ਇਹ ਉਹ ਕਲੀਸੀਆ ਹੈ ਜਿਸਦਾ ਸਾਨੂੰ ਸਭਨਾਂ ਨੂੰ ਮਨੁੱਖਾਂ ਦੀਆਂ ਕਲੀਸੀਆਵਾਂ ਦੀ ਬਜਾਇ ਮੈਂਬਰ ਹੋਣਾ ਜ਼ਰੂਰੀ ਹੈ। ਆਪਣੀ ਕਲੀਸੀਆ ਲਈ ਯਿਸੂ ਦਾ ਪ੍ਰੇਮ ਉਸ ਦੀ ਦਰਦ ਨਾਲ ਮੌਤ ਵਿਚ ਵੇਖਿਆ ਜਾਂਦਾ ਹੈ ਤਾਂ ਕਿ ਉਹ ਕਲੀਸੀਆ ਨੂੰ ਪਵਿੱਤਰ ਅਤੇ ਸ਼ੁੱਧ ਕਰਕੇ ਉਸਨੂੰ ਆਪਣੇ ਲਈ ਬੇਦਾਗ ਅਤੇ ਨਿਹਕਲੰਕ ਬਣਾ ਸਕੇ। ਉਹ ਆਪਣੇ ਸਭ ਪਿੱਛੇ ਚੱਲਣ ਵਾਲਿਆਂ ਵਿਚ ਏਕਤਾ ਚਾਹੁੰਦਾ ਹੈ।

ਕੀ ਤੁਸੀਂ ਮਸੀਹ ਦੀ ਕਲੀਸੀਆ ਦੇ ਮੈਂਬਰ ਹੋ? ਕੀ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਉਸਦੀ ਕਲੀਸੀਆ ਦਾ ਮੈਂਬਰ ਹੋਣਾ ਜ਼ਰੂਰੀ ਹੈ? ਹੁਣ, ਯਿਸੂ ਦੇ ਪਿੱਛੇ ਚੱਲਣ ਵਾਲੇ ਅਰਥਾਤ ਇਕ ਮਸੀਹੀ ਕਿਉਂ ਨਹੀਂ ਬਣ ਜਾਂਦੇ ਤਾਂ ਜੋ ਤੁਸੀਂ ਵਿਸ਼ਵਾਸੀਆਂ ਦੀ ਉਸ ਦੇਹ ਦੇ ਅੰਗ ਬਣ ਜਾਓ ਜਿਸਨੂੰ ਯਿਸੂ ਆਪਣੇ ਲਈ ਪੇਸ਼ ਕਰੇਗਾ। ਕੀ ਤੁਸੀਂ ਹੁਣ ਮਸੀਹ ਦੇ ਪਿੱਛੇ ਚੱਲਣ ਵਾਲੇ ਬਣਨਾ ਚਾਹੁੰਦੇ ਹੋ?

[ਅਗਲੇ ਅਧਿਐਨ ਲਈ ਅਧਿਐਨ ਦਾ ਸਮਾਂ ਤੈਅ ਕਰ ਲਓ।]